
# ਰਜ਼ਨੀ

## (ਇੱਕ ਗਾਥਾ)



ਕ੍ਰਿਸ਼ਨ ਸਿੰਘ
ਬੰਨਾਂਵਾਲਾ

www.PunjabiLibrary.com

# ਰਜਨੀ

"ਨੀ ਐਥੇ ਬੈਠੀ ਅਲਸੂ ਪਲਸੂ ਕਰਨੀ ਜਾਨੀ ਏ, ਹੋਰੀ ਕੰਮ ਨੀ ਕਰਨੇ ? ਖਾ ਖਾ ਕਿਵੇਂ ਚੌੜੀ ਹੁੰਦੀ ਜਾਂਦੀ ਏ"

ਇਹ ਗੱਲ ਸੁਣਦੇ ਰਜਨੀ ਦੇ ਜੋਰ ਨਾਲ ਢੂਈ ਵਿੱਚ ਧੱਫਾ ਵੱਜਾ। ਉਸ ਦਾ ਮੂੰਹ ਬੱਠਲ ਨਾਲ ਵੱਜਾ। ਥੋੜਾ ਜਿਹਾ ਬੁੱਲ੍ਹ ਵਿੱਚੋਂ ਖ਼ੂਨ ਸਿੰਮਣ ਲੱਗਾ। ਜਿਸ ਦੇ ਦਰਦ ਨਾਲ ਰਜਨੀ ਦੇ ਅੱਖਾਂ ਵਿੱਚੋਂ ਅੱਥਰੂ ਉੱਤਰ ਆਏ ਪਰ ਬੇਵੱਸ ਹੁੰਦਿਆਂ ਉਸ ਨੇ ਇਨ੍ਹਾਂ ਖਾਰੇ ਹੰਝੂਆਂ ਨੂੰ ਕਿਵੇਂ ਰੋਕਿਆ ਇਹ ਤਾਂ ਰੱਬ ਹੀ ਜਾਣੇ।

"ਹੁਣ ਡੁਸਕਣ ਨਾਂ ਲੱਗ ਜਾਵੀਂ। ਕੋਈ ਨੀ ਫੱਟ ਖੁੱਲਿਆ ਤੇਰੇ। ਕਿਵੇਂ ਖੇਖਣ ਕਰਦੀ ਏ। ਚੱਲ ਛੇਤੀ ਭਾਂਡੇ ਮਾਂਜ, ਫਿਰ ਖੇਤ ਵੀ ਜਾਣਾ ਰੋਟੀ ਲੈ ਕੇ।" ਗੁੱਸੇ ਨਾਲ ਬੋਲਦੀ ਹੋਈ ਮਮਤਾ ਬਾਹਰ ਨਿਕਲ ਜਾਂਦੀ ਏ ਤੇ ਰਜਨੀ ਅੱਖਾਂ ਨਾਲ ਚੰਨੀ ਦਾ ਪੱਲਾਂ ਘਸਾਉਂਦੀ ਹੋਈ ਅੱਥਰੂ ਪੂੰਝਣ ਦੀ ਕੋਸ਼ਿਸ਼ ਕਰਦੀ ਏ। ਤੇ ਨਾਲੇ ਆਪਣੀ ਜੰਮਣ ਵਾਲੇ ਨੂੰ ਤਾਨੇ ਦਿੰਦੀ ਏ ਕਿ "ਹੇ ਮਾਂ ਇਹਦੇ ਨਾਲੋਂ ਤਾਂ ਤੂੰ ਮੈਨੂੰ ਜੰਮਦੀ ਨਾਂ। ਜਾਂ ਆਪਣੇ ਨਾਲ ਹੀ ਲੈ ਮਰਦੀ। "ਮਨ ਵਿੱਚ ਅਜੀਬ-2 ਸੋਚਾਂ ਸੋਚਦੀ ਰਜਨੀ ਫਿਰ ਭਾਂਡੇ ਧੋਣ ਲੱਗ ਜਾਂਦੀ ਏ।

ਰਜਨੀ ਦੀ ਮਾਂ ਦਾ ਸੁਪਨਾ ਸੀ ਕਿ ਮੈਂ ਆਪਣੀ ਧੀ ਨੂੰ ਪੜ੍ਹਾ ਲਿਖਾ ਕੇ ਵੱਡੀ ਅਫਸਰ ਬਣਾਉਣਾ, ਪਰ ਇਹ ਸੁਪਨਾ ਉਸ ਦਾ ਪੂਰਾ ਹੋਇਆ। ਰਜਨੀ ਦੀ ਮਾਂ ਅਧੂਰੇ ਸੁਪਨੇ ਲੈ ਕੇ ਛੇ ਸਾਲ ਦੀ ਰਜਨੀ ਨੂੰ ਛੱਡ, ਮੌਤ ਨੂੰ ਗਲੇ ਲਗਾ ਕੇ ਰੱਬ ਦੇ ਘਰ ਜਾ ਪਹੁੰਚੀ। ਰਜਨੀ ਦਾ ਪਿਤਾ ਤਾਂ ਰਜਨੀ ਦੇ ਜਨਮ ਤੋਂ ਅੱਠ ਮਹੀਨੇ ਬਾਅਦ ਹੀ ਚੱਲ ਵਸਿਆ ਸੀ।

ਰਜਨੀ ਹੁਣ ਆਪਣੇ ਚਾਚੇ, ਚਾਚੀ ਦੇ ਨਾਲ ਰਹਿੰਦੀ ਸੀ। ਉਹਦੀਂ ਚਾਚੀ ਨੇ ਪਹਿਲਾਂ ਤਾਂ ਉਸਨੂੰ ਬੜੇ ਪਿਆਰ ਨਾਲ ਰੱਖਿਆ, ਪਰ ਹੌਲੀ ਹੌਲੀ ਉਸਦਾ ਸੁਭਾਅ

ਨੰਨੀ ਰਜਨੀ ਲਈ ਕੋੜ੍ਹਤੁੰਮੇ ਵਰਗਾ ਹੋ ਗਿਆ। ਉਹ ਹਰ ਵਕਤ ਉਸਨੂੰ ਲੜ੍ਹਦੀ ਮਾਰਦੀ ਰਹਿੰਦੀ ਤੇ ਘਰ ਦਾ ਸਾਰਾ ਕੰਮ ਵੀ ਰਜਨੀ ਤੋਂ ਹੀ ਕਰਵਾਉਂਦੀ। ਰਜਨੀ ਅਤਿ ਦੀ ਮਾਸੂਮ ਬੱਚੀ ਸੀ। ਉਹ ਵੇਖਣ ਵਿੱਚ ਪਰੀਆਂ ਤੋਂ ਘੱਟ ਨਹੀ ਸੀ ਜਾਪਦੀ। ਮੋਟੀਆਂ ਅੱਖਾਂ, ਭਖਦਾ ਚਿਹਰੀ, ਉਸਦੀ ਸੁੰਦਰਤਾ ਨੂੰ ਹੋਰ ਵੀ ਸੁੰਦਰ ਬਣਾਉਂਦਾ ਸੀ। ਪਰ ਉਸ ਨੰਨੀ ਪਰੀ ਦੇ ਸੁੰਦਰ ਚਿਹਰੇ ਪਿੱਛੇ ਅਜੀਬ ਡਰ ਸੀ ਜੋ ਉਸਨੂੰ ਲੱਕੜੀ ਦੇ ਘੁਣ ਵਾਂਗ ਅੰਦਰੋਂ ਅੰਦਰੀ ਖਾਂਦਾ ਰਹਿੰਦਾ ਸੀ।

ਭਾਂਡੇ ਮਾਂਝ ਕੇ ਰਜਨੀ ਮੂੰਹ ਹੱਥ ਧੋ ਕੇ ਚੁੱਲੇ ਵੱਲ ਗਈ। ਉਸਨੇ ਆਟਾ ਗੁੰਨਿਆ ਤੇ ਕਾਹਲੀ ਕਾਹਲੀ ਰੋਟੀ ਬਣਾਉਣ ਲੱਗੀ। ਰਜਨੀ ਅਕਸਰ ਰੋਟੀ ਬਣਾਉਂਦੇ ਚੁੱਲੇ ਦੇ ਧੂੰਏਂ ਵੱਲ ਤੱਕਦੀ ਰਹਿੰਦੀ। ਉਸਨੂੰ ਇੰਞ ਜਾਪਦੀ ਸੀ ਕਿ ਇਹ ਧੂੰਏ ਵਾਂਗ ਮੇਰੇ ਸੁਪਨੇ ਵੀ ਕਿਤੇ ਉੱਡ ਪੁੱਡ ਗਏ। ਮਨ ਵਿੱਚ ਸੋਚਾਂ ਸੋਚਦੀ ਰਜਨੀ ਕਿਸੇ ਹੋਰ ਹੀ ਦੁਨੀਆਂ ਵਿੱਚ ਪਹੁੰਚ ਗਈ।

"ਜੇ ਜਾਗ ਖੁੱਲ ਗਈ ਹੋਵੇ ਤਾਂ ਰੋਟੀ ਬੰਨ ਦੇ ਮਹਾਰਾਣੀ, ਪਤਾ ਨਹੀਂ ਕਿਹੜੀਆਂ ਸੋਚਾਂ ਵਿੱਚ ਡੁੱਬੀ ਰਹਿੰਦੀ ਏ" ਕਿਸੇ ਕੜਕਵੀ ਅਵਾਜ ਨੇ ਰਜਨੀ ਨੂੰ ਸੁਪਨਿਆਂ ਵਿੱਚ ਉੱਡਦਿਆਂ ਧਰਤੀ ਉੱਤੇ ਸੁੱਟ ਦਿੱਤਾ। ਰਜਨੀ ਨੇ ਜਲਦੀ ਨਾਲ ਟਿਫਨ ਵਿੱਚ ਰੋਟੀ ਬੰਨ੍ਹ ਦਿੱਤੀ।

"ਮੈਂ ਖੇਤ ਚੱਲੀ ਆਂ। ਛੇਤੀ ਛੇਤੀ ਕੰਮ ਨਬੇੜ ਲਵੀਂ। ਕਿਤੇ ਕਿਤਾਬਾਂ ਨਾ ਚੱਕ ਕੇ ਬੈਠ ਜਾਵੀਂ। ਕਿੱਥੇ ਕਲਿਹਣੀ ਸਾਡੇ ਪੇਸ਼ ਪਈ ਏ" ਆਖਦੀ ਆਖਦੀ ਮਮਤਾ ਘਰ ਤੋਂ ਬਾਹਰ ਚਲੀ ਗਈ।

"ਕਲਿਹਣੀ" ਸ਼ਬਦ ਰਜਨੀ ਦੇ ਸੀਨੇ ਤੀਰ ਵਾਂਗ ਲੱਗਾ। ਰਜਨੀ ਨੂੰ ਪੜ੍ਹਨ ਦਾ ਵੀ ਬਹੁਤ ਸ਼ੌਂਕ ਸੀ। ਪਰ ਚਾਚੀ ਅੱਗੇ ਉਸ ਦੀ ਵਾਹ ਨਾਂ ਜਾਂਦੀ। ਉਸਦੀ ਚਾਚੀ ਨੇ ਬੜ੍ਹਾ ਜੋਰ ਲਾਇਆ ਕਿ ਇਸ ਚੰਦਰੀ ਨੂੰ ਸਕੂਲ ਤੋਂ ਹਟਵਾ ਲਈਏ, ਪਰ ਉਸਦੇ

ਚਾਚੇ ਦੇ ਕਹਿਣ ਤੇ ਉਸਦਾ ਨਾਮ ਸਕੁਲ ਵਿੱਚੋਂ ਨਹੀਂ ਕਟਵਾਇਆ। ਵਿਚਾਰੀ ਰਜਨੀ ਸਾਰਾ ਦਿਨ ਨੌਕਰਾਂ ਵਾਂਗ ਕੰਮ ਕਰਦੀ, ਰਾਤ ਨੂੰ 11-12 ਵਜੇ ਤਕਰੀਬਨ ਉਹ ਪੜ੍ਹਨ ਬੈਠਦੀ।

ਰਜਨੀ ਦਾ ਸੁੰਦਰ ਚਿਹਰਾ ਹੁਣ ਗ੍ਰਹਿਣ ਲੱਗੇ ਚੰਦਰਮਾ ਵਾਂਗ ਬੇਰੂਪ ਹੁੰਦਾ ਜਾ ਰਿਹਾ ਸੀ। ਹੌਲੀ ਹੌਲੀ ਅੱਖਾਂ ਅੰਦਰ ਧਸਦੀਆਂ ਜਾਂਦੀਆਂ ਸੀ ਤੇ ਸਰੀਰ ਵੀ ਕਿਸੇ ਸਖਤ ਬਿਮਾਰ ਵਾਂਗ ਹੌਲੀ ਹੌਲੀ ਲਿੱਸਾ ਪੈ ਰਿਹਾ ਸੀ। ਪੜ੍ਹਾਈ ਵਿੱਚ ਵੀ ਉਸਦਾ ਮਨ ਨਾਂ ਲੱਗਦਾ। ਉਸਨੂੰ ਆਪਣੇ ਸੁਪਨੇ ਉੱਜੜਦੇ ਦਿਖਾਈ ਦੇ ਰਹੇ ਸਨ। ਸਮਾਂ ਆਪਣੀ ਚਾਲ ਚੱਲਦਾ ਰਿਹਾ।

ਰਜਨੀ ਹੁਣ 15 ਵਰ੍ਹਿਆਂ ਦੀ ਹੋ ਗਈ ਪਰ ਜਿਵੇਂ ਜਿਵੇਂ ਸਮਾਂ ਬੀਤਦਾ ਗਿਆ, ਮਮਤਾ ਦਾ ਰਜਨੀ ਪ੍ਰਤੀ ਰੁੱਖਾਪਣ ਵੱਧਦਾ ਗਿਆ। ਰਜਨੀ ਨੇ ਅੱਠ ਜਮਾਤਾਂ ਪਾਸ ਕਰ ਲਈਆਂ। ਅੱਠ ਜਮਾਤਾਂ ਪਾਸ ਕਰਨੀਆਂ ਸਿਰਫ ਕਹਿਣ ਲਈ ਸੋਖਾ ਸੀ ਪਰ ਜੋ ਸਮਾਂ ਰਜਨੀ ਉੱਤੇ ਬੀਤਿਆ ਸੀ ਉਹ ਕੋਈ ਨਹੀਂ ਜਾਣਦਾ। ਘਰ ਵਿੱਚ ਹੁਣ ਰਜਨੀ ਨੂੰ ਸਕੂਲ ਤੋਂ ਹਟਾਉਣ ਦੀਆਂ ਗੱਲਾਂ ਚੱਲਦੀਆਂ।

ਸ਼ਾਮੀ ਸੱਤ ਕੁ ਵਜੇ ਦਾ ਟਾਈਮ ਸੀ। ਰਜਨੀ ਚੁੱਲੇ ਅੱਗੇ ਬੈਠੀ ਸਕੂਲ ਦਾ ਦਿੱਤਾ ਕੰਮ ਕਰ ਰਹੀ ਸੀ ਤੇ ਨਾਲ ਨਾਲ ਸਬਜੀ ਵੀ ਬਣਾ ਰਹੀ ਸੀ। ਧੂੰਆਂ ਅੱਖਾਂ ਵਿੱਚ ਪੈਣ ਕਾਰਨ ਰਜਨੀ ਨੂੰ ਦਿਸਣੋ ਬੰਦ ਹੋ ਜਾਂਦਾ। ਫਿਰ ਚੁੱਲੇ ਵਿੱਚ ਫੂਕ ਮਾਰ ਕੇ ਅੱਗ ਮਚਾ ਦਿੰਦੀ ਤੇ ਕਾਪੀ ਚੱਕ ਕੇ ਲਿਖਣ ਬੈਠ ਜਾਂਦੀ।

"ਨੀ ਗੰਦੀਏ ਕਿੱਥੇ ਮਰੀ ਏ, ਤੇਰਾ ਖੇਹ ਹੋ ਜੇ" ਮਮਤਾ ਨੇ ਘਰ ਦਾ ਬੂਹਾ ਲੰਘਦਿਆਂ ਸਾਰ ਹੀ ਗਾਲ੍ਹਾਂ ਦੀ ਵਾਛ ਰਜਨੀ ਉੱਤੇ ਕਰ ਦਿੱਤੀ।

"ਸਬਜੀ ਬਣਾ ਹੀ ਰਹੀ ਸੀ ਬਸ ਮੈਂ ਤਾਂ.................", ਰਜਨੀ ਇੱਕਦਮ ਸਹਿਮੀ ਹੋਈ ਅਵਾਜ ਵਿੱਚ ਬੋਲੀ। ਮਮਤਾ ਚੁੱਲੇ ਵੱਲ ਗਈ। ਉਸਨੇ ਰਜਨੀ ਦੀਆਂ ਕਿਤਾਬਾਂ ਚੱਕ ਕੇ ਵਿਹੜੇ ਵਿੱਚ ਖਿਲਾਰ ਦਿੱਤੀਆਂ। "ਨੀਂ ਤੂੰ ਕਿਹੜਾ ਡੀ.ਸੀ ਲੱਗਣਾ।

ਤੇਰੇ ਵਰਗੀ ਕਲਿਹਣੀ ਧੀ ਦਾ ਜੰਮਣ ਖੁਣੋ ਕੀ ਖੁੜਿਆ ਸੀ। ਜੰਮਦੀ ਮਾਂ ਪਿਓ ਖਾ ਗਈ।" ਗੁੱਸੇ ਵਿੱਚ ਬੋਲਦੀ ਮਮਤਾ ਅੰਦਰ ਚਲੀ ਗਈ।

ਰਜਨੀ ਦਾ ਦਿਲ ਰੱਜ ਕੇ ਰੋਣ ਨੂੰ ਕੀਤਾ ਪਰ ਉਸ ਤੋਂ ਰੋਇਆ ਨਾਂ ਗਿਆ। ਉਹ ਆਪਣੇ ਅੰਦਰ ਹੀ ਗੁੱਸੇ ਦੀ ਅੱਗ ਦਾ ਭਾਂਬੜ ਠੰਢਾ ਕਰ ਲੈਂਦੀ। ਇੰਨੇ ਚਿਰ ਨੂੰ ਬਾਹਰੋਂ ਰਜਨੀ ਦਾ ਚਾਚਾ ਵੀ ਆ ਗਿਆ। ਰਜਨੀ ਦੇ ਹੁਣ ਛਿਮਾਹੀ ਪੇਪਰ ਚੱਲ ਰਹੇ ਸੀ। ਉਹ ਸਾਰਾ ਘਰ ਦਾ ਕੰਮ ਕਰਦੀ ਤੇ ਰਾਤ ਨੂੰ ਪੇਪਰਾਂ ਦਾ ਤਿਆਰੀ। ਰਜਨੀ ਦਾ ਹੁਣ ਇਸ ਘਰ ਵਿੱਚ ਦਮ ਘੁਟਣ ਲੱਗਾ। ਉਸਦਾ ਕਈ ਵਾਰ ਮਨ ਕਰਦਾ ਕਿ ਨਹਿਰ ਵਿੱਚ ਛਾਲ ਮਾਰ ਕੇ ਇਸ ਨਰਕ ਭਰੀ ਜਿੰਦਗੀ ਤੋਂ ਛੁਟਕਾਰਾ ਪਾ ਲਵਾਂ। ਪਰ ਫਿਰ ਪਤਾ ਨਹੀਂ ਕੀ ਸੋਚ ਉਹ ਚੁੱਪ ਕਰ ਜਾਂਦੀ।

ਰਾਤੀਂ ਰੋਟੀ ਪਾਣੀ ਤੋਂ ਵਿਹਲੇ ਹੋ ਕੇ ਰਜਨੀ ਆਪਣੇ ਕਮਰੇ ਵਿੱਚ ਸੌਣ ਚਲੀ ਗਈ।

ਮਮਤਾ ਤੇ ਰਾਜ (ਰਜਨੀ ਦਾ ਚਾਚਾ) ਕਮਰੇ ਵਿੱਚ ਬੈਠੇ ਗੱਲਾਂ ਕਰ ਰਹੇ ਸੀ।

ਮਮਤਾ - ਅੱਜ ਜੀਤੀ ਆਈ ਸੀ ਆਪਣੇ ਘਰ।

ਰਾਜ - ਫਿਰ?

ਮਮਤਾ - ਉਹ ਇਸ ਕੁੜੀ ਵਾਸਤਾ ਰਿਸ਼ਤਾ ਕਹਿੰਦੀ ਸੀ।

ਰਾਜ - ਪਰ ਉਹ ਅਜੇ ਨਿਆਣੀ ...............। ਵਿੱਚੋਂ ਹੀ ਗੱਲ ਟੋਕਦਿਆਂ ਮਮਤਾ ਭੱਜ ਕੇ ਰਾਜ ਨੂੰ ਪੈ ਗਈ।

ਮਮਤਾ - ਕੋਈ ਨਿਆਣੀ ਨਹੀਂ। 16 ਵਰ੍ਹਿਆਂ ਦੀ ਹੋ ਚੱਲੀ ਏ ਤੇ ਨਾਲੇਂ ਸਾਢੇ ਨੌਂ ਜਮਾਤਾਂ ਵੀ ਪੜ੍ਹ ਲਈਆਂ ਸੂ। ਤੈਨੂੰ ਬਾਹਲਾ ਹੇਜ ਆਉਂਦਾ।

ਰਾਜ - ਚੱਲ ਦੇਖ ਲੈਨੇ ਆਂ।

ਮਮਤਾ - ਮੁੰਡਾ ਥੋੜੀ ਵਡੇਰੀ ਉਮਰ ਦਾ ਏ। ਘਰ ਬਾਰ ਚੰਗਾ ਏ। ਨਾਲੇ ਇੰਹਦਾ ਵੀ ਸਿਆਪਾ ਮੁੱਕੂ।

ਰਾਜ - ਜਿਵੇਂ ਤੂੰ ਕਹੇਂ। ਕਹਿੰਦਿਆਂ ਰਾਜ ਆਪਣੀ ਢੂਈ ਮੰਜੇ ਨਾਲ ਲਗਾ ਕੇ ਲੰਬਾ ਲੇਟ ਗਿਆ।

ਮਮਤਾ - ਕੋਈ ਗੱਲ ਨਹੀਂ। ਕੱਲ ਮੈਂ ਤੋਰਦੀ ਆਂ ਗੱਲ। ਕਹਿੰਦਿਆਂ- ਕਹਿੰਦਿਆਂ ਮਮਤਾ ਵੀ ਲੰਮੀ ਪਾ ਗਈ।

ਸਵੇਰ ਹੋਈ। ਸੂਰਜ ਨੇ ਆਣ ਚੁਫੇਰਾ ਰੋਸ਼ਨ ਕਰ ਦਿੱਤਾ। ਤਕਰੀਬਨ ਸਾਢੇ ਸੱਤ ਵੱਜਣ ਵਾਲੇ ਸੀ। “ਮਾਂ ਜੀ - ਮਾਂ ਜੀ” ਕਹਿ ਰਜਨੀ ਆਪਣੀ ਚਾਚੀ ਨੂੰ ਲੱਭ ਰਹੀ ਸੀ। ਉਹ ਅਕਸਰ ਆਪਣੀ ਚਾਚੀ ਨੂੰ ਮਾਂਜੀ ਕਹਿਕੇ ਬੁਲਾਉਂਦੀ ਸੀ। ਅੰਦਰੋਂ ਚਾਚੇ ਰਾਜ ਨੂੰ ਨਿਕਲਦਿਆਂ ਵੇਖ ਰਜਨੀ ਇੱਕਦਮ ਬੋਲੀ “ਬਾਬਾ ਮਾਂ ਜੀ ਕਿੱਥੇ ਏ”

ਰਾਜ - ਉਹ ਤਾਂ ਕਿਸੇ ਦੇ ਘਰ ਗਈ ਏ।

ਰਜਨੀ - ਮੈਂ ਸਕੂਲ ਲਈ ਲੇਟ ਹੋ ਰਹੀ ਹਾਂ।

ਰਾਜ - ਤੂੰ ਚਲੀ ਜਾ, ਉਹਦਾਂ ਕੀ ਪਤਾ ਕਦੋਂ ਆਵੇ.

ਰਜਨੀ ਸਕੂਲ ਚਲੀ ਗਈ। ਆਪਣੇ ਅਧਿਆਪਕਾਂ ਦੀ ਮਿਹਨਤ ਦੇ ਸਦਕਾ ਉਸ ਦੇ ਅੰਦਰ ਡਾਕਟਰ ਬਣਨ ਦਾ ਸੁਪਨਾ ਪੈਦਾ ਹੋਇਆ. ਪਰ ਘਰ ਦੇ ਹਾਲਾਤ ਵੇਖ ਉਸਨੂੰ ਆਪਣਾ ਸੁਪਨਾ ਹੀ ਸਖਤ ਬਿਮਾਰ ਲੱਗਦਾ।

ਰਜਨੀ ਸਕੂਲ ਤੋਂ ਵਾਪਸ ਆਈ ਤਾਂ ਮਮਤਾ ਨੇ ਉਸਨੂੰ ਆਪਣੇ ਕੋਲ ਬੁਲਾਇਆ।

ਰਜਨੀ - ਹਾਂ ਮਾਂ ਜੀ।

ਮਮਤਾ - ਰਜਨੀ ਹੁਣ ਤੂੰ ਸਕੂਲ ਨਾਂ ਜਾਇਆ ਕਰ।

ਰਜਨੀ - ਕਿਉਂ ਮਾਂ ਜੀ।

ਮਮਤਾ - ਬਸ ਤੈਨੂੰ ਕਿਹਾ ਨਾਂ। ਬਹੁਤੇ ਸਵਾਲ ਜਵਾਬ ਨਾ ਕਰ। ਚੱਲ ਘਰ ਦਾ ਕੰਮ ਕਰ ਲੈ।

ਰਜਨੀ ਚੁੱਪਚਾਪ ਉੱਠ ਕੇ ਚਲੀ ਗਈ ਤੇ ਘਰ ਤੇ ਕੰਮ ਕਾਰਾਂ ਵਿੱਚ ਰੁੱਝ ਗਈ। ਉਸ ਦੇ ਅੰਦਰ ਇੱਕ ਸਵਾਲ ਵਾਰ ਵਾਰ ਉੱਠ ਰਿਹਾ ਸੀ ਇੱਕ ਆਖਿਰ ਮੈਨੂੰ

ਸਕੂਲ ਜਾਣ ਤੋਂ ਕਿਉਂ ਰੋਕਿਆ ਗਿਆ। ਮਨ ਵਿੱਚ ਅਨੇਕਾਂ ਸਵਾਲ ਉੱਠਦੇ ਪਰ ਮਮਤਾ ਤੋਂ ਡਰਦੀ ਉਹ ਕੁਝ ਨਾਂ ਬੋਲਦੀ।

ਸ਼ਾਮੀ ਰਾਜ ਕੰਮ ਤੋਂ ਘਰ ਆਇਆ। ਰਾਜ ਨੂੰ ਆਉਂਦਿਆਂ ਦੇਖ ਰਜਨੀ ਪਾਣੀ ਲੈ ਕੇ ਆਈ। ਰਾਜ ਮੰਜੇ ਤੇ ਬੈਠ ਗਿਆ, ਰਜਨੀ ਵੀ ਕੋਲ ਹੀ ਖੜ ਗਈ।

ਰਾਜ ਨੇ ਪਾਣੀ ਪੀਂਦੇ ਪੀਂਦੇ ਰਜਨੀ ਵੱਲ ਤੱਕਿਆ ਤੇ ਬੋਲਿਆ "ਕੀ ਗੱਲ ਹੈ ਰਜਨੀ ਕੀ ਹੋਇਆ? ਰਾਜ ਨੇ ਗਿਲਾਸ ਥੱਲੇ ਰੱਖਦਿਆਂ ਕਿਹਾ।

"ਬਾਬਾ, ਮਾਂਜੀ ਮੈਨੂੰ ਕਹਿ ਰਹੀ ਸੀ ਕਿ ਤੂੰ ਸਕੂਲ ਨਾਂ ਜਾਇਆ ਕਰ" ਰਜਨੀ ਰਾਜ ਦੇ ਚਿਹਰੇ ਵੱਲ ਤੱਕਦੀ ਹੋਈ ਬੋਲੀ।

"ਅੱਛਾ ਹੁਣ ਤੂੰ ਘਰ ਦਾ ਕੰਮ ਕਰ ਲੈ। ਫਿਰ ਗੱਲ ਕਰਾਂਗੇ। ਤੇਰੀ ਮਾਂ ਜੀ ਵੀ ਆਉਂਦੀ ਹੋਣੀ। ਐਵੇਂ ਤੇ ਨਾਲ ਗੁੱਸੇ ਹੋਊ। ਆਖ ਕੇ ਰਾਜ ਬਾਹਰ ਚਲਾ ਗਿਆ।

ਰਜਨੀ ਚੁੱਪਚਾਪ ਚੁੱਲੇ ਵੱਲ ਚਲੀ ਗਈ। ਆਪਣੇ ਚਾਚੀ ਚਾਚੇ ਦਾ ਰਵੱਈਆ ਉਸਨੂੰ ਕੁਝ ਅਜੀਬ ਜਿਹਾ ਲੱਗਾ। ਪਰ ਉਹ ਚੁੱਪ ਰਹੀ।

ਸਵੇਰ ਦਾ ਸਮਾਂ ਸੀ। ਬੂਹੇ ਅੱਗੋਂ ਸਕੂਲ ਦੀ ਵਰਦੀ ਵਿੱਚ ਬੱਚੇ ਲੰਘਦੇ ਵੇਖ ਰਜਨੀ ਦਾ ਵੀ ਸਕੂਲ ਜਾਣ ਨੂੰ ਦਿਲ ਕੀਤਾ ਪਰ ਉਸਨੂੰ ਮਮਤਾ ਦੀ ਗੱਲ ਯਾਦ ਆ ਗਈ।

"ਨੀ ਰਜਨੀ। ਸਕੂਲ ਨਹੀਂ ਜਾਣਾ? ਰਜਨੀ ਦੀ ਸਹੇਲੀ ਪਾਰੋ ਨੇ ਰਜਨੀ ਨੂੰ ਅਵਾਜ ਲਗਾਈ।

"ਇਹ ਨਹੀਂ ਜਾਂਦੀ ਸਕੂਲ਼। ਬਥੇਰਾ ਪੜ ਲਈ"। ਰਜਨੀ ਦੇ ਬੋਲਣ ਤੋਂ ਪਹਿਲਾਂ ਹੀ ਮਮਤਾ ਨੇ ਜਵਾਬ ਦਿੱਤਾ।

ਪਾਰੋ ਚੁੱਪਚਾਪ ਚਲੀ ਗਈ। ਪਾਰੋ ਨੂੰ ਰਜਨੀ ਉਨ੍ਹਾਂ ਚਿਰ ਦੇਖਦੀ ਰਹੀ ਜਿੰਨਾ ਚਿਰ ਉਹ ਦਿਸਣੋ ਨਾ ਹੱਟ ਗਈ। ਫਿਰ ਰਜਨੀ ਘਰ ਦੇ ਕੰਮਾਂ ਵਿੱਚ ਰੁੱਝ ਗਈ।

ਥੋੜ੍ਹੇ ਦਿਨ ਏਦਾਂ ਹੀ ਬੀਤੇ। ਸ਼ਾਮੀ ਸੱਤ ਵਜੇ ਦਾ ਸਮਾਂ ਸੀ। ਮਮਤਾ ਰਜਨੀ ਕੋਲ ਗਈ ਅਤੇ ਆਖਣ ਲੱਗੀ "ਨੀਂ ਕੁੜੀਏ ਘਰ ਦੀ ਸਫਾਈ ਕਰਦੇ, ਪਰਸੋਂ ਕੜਾਈ ਚੜ੍ਹਨੀ ਏ"।

ਰਜਨੀ ਹੌਲੀ ਜਿਹੀ ਅਵਾਜ ਵਿੱਚ ਬੋਲੀ "ਕਾਹਦੇ ਵਾਸਤੇ ਮਾਂਜੀ"।

ਮਮਤਾ ਫਿਰ ਕੜਕ ਕੇ ਬੋਲੀ "ਤੇਰਾ ਸਿਆਪਾ ਕਰਨਾ। ਵਿਆਹ ਲਈ। ਹੋਰ ਕਾਹਦੇ ਲਈ"।

ਮਮਤਾ ਦੇ ਬੋਲ ਸੁਣ ਕੇ ਰਜਨੀ ਸੁੰਨ ਜਿਹੀ ਹੋ ਗਈ। ਉਸਨੂੰ ਇਕਦਮ ਆਪਣਾ ਚੁਫੇਰਾ ਘੁੰਮਦਾ ਜਾਪਣ ਲੱਗਾ। ਮਮਤਾ ਦੇ ਆਖਰੀ ਬੋਲ ਰਜਨੀ ਦੇ ਕੰਨਾਂ ਵਿੱਚ ਗੂੰਜਣ ਲੱਗੇ। ਰਜਨੀ ਮੰਜੇ ਤੇ ਬੈਠ ਗਈ।

ਉਸਨੂੰ ਇੱਕਦਮ ਲਈ ਇੰਞ ਹੋ ਗਿਆ ਜਿਵੇਂ ਕਿਸੇ ਸਖਤ ਬਿਮਾਰੀ ਨੇ ਉਸਦਾ ਸਰੀਰ ਜਕੜ ਲਿਆ ਹੋਵੇ। ਰਜਨੀ ਕਿਸੇ ਵੀ ਹੋਰ ਸੋਚ ਦੇ ਵਹਿਣ ਵਿੱਚ ਵਹਿੰਦੀ ਉਸ ਤੋਂ ਪਹਿਲਾਂ ਹੀ ਮਮਤਾ ਦੀ ਗੁੱਸੇ ਭਰੀ ਅਵਾਜ ਨੇ ਰਜਨੀ ਨੂੰ ਉਠਾ ਦਿੱਤਾ। ਰਜਨੀ ਚੁੱਪਚਾਪ ਘਰ ਦੇ ਕੰਮਾਂ ਵਿੱਚ ਰੁੱਝ ਗਈ।

ਹੋਲੀ ਹੋਲੀ ਵਿਆਹ ਦੀਆਂ ਤਿਆਰੀਆਂ ਹੋਣ ਲੱਗੀਆਂ। ਰਜਨੀ ਆਪਣੀ ਕਿਸਮਤ ਨੂੰ ਕੋਸ ਰਹੀ ਸੀ। ਰਜਨੀ ਨੂੰ ਕੁਝ ਸਮਝ ਨਹੀਂ ਲੱਗ ਰਿਹਾ। ਆਖਿਰ ਰਜਨੀ ਦੀ ਬਰਾਤ ਆ ਗਈ। ਰਸਮਾਂ ਹੋ ਰਹੀਆਂ ਸਨ। ਅਨੰਦ ਕਾਰਜ ਦੀ ਰਸਮ ਗੁਰਦੁਆਰੇ ਹੀ ਹੋਈ। ਜਦੋਂ ਅਨੰਦ ਕਾਰਜਾਂ ਪਿੱਛੋਂ ਲਾੜੇ ਦਾ ਚਿਹਰਾ ਰਜਨੀ ਨੇ ਦੇਖਿਆ ਤਾਂ ਰਜਨੀ ਦੀ ਆਤਮਾ ਕੁਰਲਾ ਉੱਠੀ। ਇਹ ਕੀ? ਰਜਨੀ ਨੂੰ ਇਓਂ ਜਾਪਣ ਲੱਗਾ ਜਿਵੇਂ ਉਸਦੇ ਚਾਚਾ ਚਾਚੀ ਨੇ ਉਸਨੂੰ ਖੂਹ ਵਿੱਚ ਧੱਕਾ ਦੇ ਦਿੱਤਾ ਹੋਵੇ।

ਸਾਰਾ ਕੰਮ ਨਿਬੜ ਗਿਆ। ਰਜਨੀ ਸਹੁਰੇ ਚਲੀ ਗਈ।

ਸਮੇਂ ਦੇ ਨਾਲ ਨਾਲ ਸਹੁਰੇ ਘਰ ਵਿੱਚ ਘੁਲਣ ਮਿਲਣ ਲੱਗੀ, ਪਰ ਇੱਕ ਹੋਰ ਮੁਸੀਬਤ ਆਉਣ, ਰਜਨੀ ਦੇ ਸਿਰ ਤੇ ਪਈ। ਉਸਦਾ ਘਰਵਾਲਾ ਇੱਕ ਤਾਂ ਪਹਿਲਾਂ ਹੀ ਕਰੂਪ ਸੀ, ਉੱਤੋਂ ਲੱਗੀ ਨਸ਼ੇ ਦੀ ਲੱਤ ਉਸਨੂੰ ਹੋਰ ਵੀ ਬੇਰੂਪ ਕਰਨ ਲੱਗੀ। ਰਜਨੀ ਦਾ ਘਰਵਾਲਾ ਰੋਜ ਰਾਤ ਨੂੰ ਦਾਰੂ ਨਾਲ ਰੱਜ ਕੇ ਘਰ ਆਉਂਦਾ। ਰਜਨੀ ਉਸਨੂੰ ਬਹੁਤ ਸਮਝਾਉਂਦੀ ਪਰ ਕਿੱਥੇ। ਉਹ ਅੱਗੋਂ ਰਜਨੀ ਨੂੰ ਖਾਣ ਨੂੰ ਪੈਂਦਾ।

ਰਜਨੀ ਨੇ ਆਪਣੇ ਪਤੀ ਦੀਆਂ ਗਲਤ ਹਰਕਤਾਂ ਬਾਰੇ ਆਪਣੇ ਸੱਸ-ਸਹੁਰੇ ਨੂੰ ਦੱਸਿਆ ਤਾਂ ਅੱਗੋਂ ਸੁਣਨ ਨੂੰ ਮਿਲਿਆ ਕਿ "ਤੇਰੇ ਪਿਓ ਦਾ ਨੀਂ ਖਾਦਾਂ, ਉਸ ਦੀ ਉਮਰ ਏ। ਕਰਨ ਦੇ ਸ਼ੌਂਕ ਪੂਰੇ।" ਰਜਨੀ ਨੂੰ ਜਿਵੇਂ ਕੋਈ ਧੱਕਾ ਲੱਗਾ।

ਰਜਨੀ ਨੂੰ ਲੱਗਦਾ ਸੀ ਕਿ ਵਿਆਹ ਤੋਂ ਬਾਅਦ ਸ਼ਾਇਦ ਉਹਦੀ ਜਿੰਦਗੀ ਸੌਖੀ ਹੋ ਜਾਵੇਗੀ ਪਰ ਰਜਨੀ ਦੀ ਜਿੰਦਗੀ ਹੋਰ ਵੀ ਖਰਾਬ ਹੋਣ ਲੱਗੀ।

ਰਜਨੀ ਆਪਣੇ ਕਰਮਾਂ ਨੂੰ ਰੋਂਦੀ ਰਹਿੰਦੀ। ਤੇ ਰੱਬ ਨੂੰ ਕੋਸਦੀ ਰਹਿੰਦੀ, ਕਾਸ਼, ਜੇ ਮੈਂ ਪੈਦਾ ਨਾਂ ਹੁੰਦੀ ਤਾਂ ਸ਼ਾਇਦ ਇਹ ਸਭ ਕੁਝ ਨਾਂ ਸਹਿਣਾ ਪੈਂਦਾ। ਉਧਰ ਰਜਨੀ ਦਾ ਪਤੀ ਹੋਰ ਵੀ ਕਈ ਤਰ੍ਹਾਂ ਦੇ ਨਸ਼ੇ ਕਰਨ ਦੇ ਨਾਲ ਨਾਲ ਜੂਏ ਦਾ ਵੀ ਆਦੀ ਹੋ ਗਿਆ। ਦਿਨ ਰਾਤ ਨਸ਼ਾ ਕਰਨਾ ਅਤੇ ਜੂਆ ਖੇਡਣਾ ਉਸ ਦਾ ਸੁਭਾਅ ਹੀ ਬਣ ਗਿਆ।

ਹੋਲੀ ਹੋਲੀ ਘਰ ਨੂੰ ਖਾਣਾ ਸ਼ੁਰੂ ਹੋ ਗਿਆ। ਘਰ ਦੀਆ ਸਭ ਚੀਜਾਂ ਸਭ ਜੂਏ ਦੇ ਮੂੰਹੀ ਜਾ ਰਹੀਆਂ ਸਨ।

ਰਜਨੀ ਨੂੰ ਘਰ ਦਾ ਖਰਚਾ ਕੱਢਣ ਲਈ ਮਜਬੂਰੀ ਵਿੱਚ ਇੱਕ ਦੋ ਘਰਾਂ ਵਿੱਚ ਨੌਕਰ ਲੱਗਣਾ ਪਿਆ। ਰਜਨੀ ਲੋਕਾਂ ਦੇ ਭਾਂਡੇ ਮਾਂਜਦੀ, ਪੋਚਾ ਲਾਉਂਦੀ ਤੇ ਹੋਰ ਨਿੱਕੇ ਮੋਟੇ ਕੰਮ ਕਰਕੇ ਆਪਣਾ ਗੁਜਾਰਾ ਚਲਾਉਂਦੀ, ਪਰ ਉਸਦਾ ਪਤੀ ਉਸਦੀ ਮਿਹਨਤ ਨਾਲ ਕੀਤੀ ਕਮਾਈ ਨੂੰ ਵੀ ਨਸ਼ੇ ਤੇ ਜੂਏ ਰਾਹੀਂ ਬਰਬਾਦ ਕਰ ਦਿੰਦਾ। ਰਜਨੀ ਘਰ ਦਾ ਗੁਜਾਰਾ ਕਿਵੇਂ ਚਲਾਉਂਦੀ ਸੀ ਇਹ ਤਾਂ ਉਹ ਹੀ ਜਾਣਦੀ ਸੀ।

ਰਜਨੀ ਦੀ ਜਿੰਦਗੀ ਨੇ ਮੋੜ ਖਾਣਾ ਸ਼ੁਰੂ ਕਰ ਦਿੱਤਾ। ਮੁਸੀਬਤਾਂ ਵਿੱਚ ਫਸੀ ਇਹ ਨਿਮਾਣੀ ਜਿੰਦਗੀ ਵਿੱਚ ਅਜੇ ਕੀ ਸੁਨਾਮੀ ਆਉਣੀ ਏ ਇਸ ਤੋਂ ਰਜਨੀ ਬਿਲਕੁਲ ਅਣਜਾਣ ਸੀ। ਰਜਨੀ ਦਾ ਘਰਵਾਲਾ ਦੋ ਦਿਨ ਤੋਂ ਘਰ ਨਹੀਂ ਆਇਆ। ਸਾਰੇ ਪਾਸੇ ਪੁੱਛ ਗਿੱਛ ਕੀਤੀ ਪਰ ਕੁਝ ਪਤਾ ਨਾ ਲੱਗਿਆ।

ਸ਼ਾਮ ਨੂੰ ਤਿੰਨ ਵੱਜ ਰਹੇ ਸਨ। ਰਜਨੀ ਘਰ ਵਿੱਚ ਬੈਠੇ ਸਾਗ ਚੀਰ ਰਹੀ ਸੀ। ਗੰਢਲਾਂ ਦੀ ਮਹਿਕ ਉਹਦ ਨੱਕ ਵਿੱਚੋਂ ਮੱਲੋਜੋਰੀ ਵੜ ਰਹੀ ਸੀ। ਪਰ ਉਹ ਕਿਸੇ ਹੋਰ ਹੀ ਖਿਆਲਾਂ ਵਿੱਚ ਡੁੱਬੀ ਸੀ। ਅਚਾਨਕ ਜੋਰ ਜੋਰ ਨਾਲ ਬਾਹਰਲਾ ਦਰਵਾਜਾ ਖੜਕਣ ਦੀ ਅਵਾਜ ਆਈ। ਰਜਨੀ ਨੇ ਜਲਦੀ ਜਲਦੀ ਬੂਹਾ ਖੋਲਿਆ ਤੇ ਦੇਖਿਆ ਕਿ ਇੱਕ ਬਜੁਰਗ ਜਿਸਦੀ ਉਮਰ 60-70 ਵਰੇ ਸੀ ਸਾਹੋ ਸਾਹੀ ਹੋਇਆ ਕੁਝ ਬੋਲਣ ਦੀ ਕੋਸ਼ਿਸ਼ ਕਰ ਰਹੀ ਸੀ। ਸ਼ਾਇਦ ਸਾਹ ਜਿਆਦਾ ਚੜਿਆ ਹੋਣ ਕਰਕੇ ਕੁਝ ਸਮਝ ਨਹੀਂ ਸੀ ਆ ਰਹੀ।

ਰਜਨੀ - ਕੀ ਹੋਇਆ ਬਾਪੂ?

ਬਜੁਰਗ - ਤੂੰ ਭੱਜ ਜਾ ਇੱਥੋਂ।

ਰਜਨੀ - ਪਰ ਕਿਉਂ।

ਬਜੁਰਗ - ਦੱਸਣ ਦਾ ਵਕਤ ਨਹੀਂ। ਛੇਤੀ ਤੋਂ ਛੇਤੀ ਇੱਥੋਂ ਚਲੀ ਜਾ।

ਰਜਨੀ - ਪਰ ਗੱਲ ਕੀ ਹੋਈ।

ਬਜੁਰਗ - ਪੁੱਤ ਤੇਰੇ ਘਰਵਾਲੇ ਨੇ ਤੈਨੂੰ ਜੂਏ ਵਿੱਚ ਹਰਾ ਦਿੱਤਾ। ਮੈਂ ਹੁਣੇ ਉੱਥੋਂ ਆਇਆ।

ਜਿੰਨਾ ਛੇਤੀ ਹੋ ਸਕੇ ਇੱਥੋਂ ਚਲੀ ਜਾ। ਕੁਝ ਦਰਿੰਦੇਂ ਤੁਹਾਡੇ ਘਰ ਵੱਲ ਆ ਰਹੇ ਨੇ।

ਰਜਨੀ - ਪਰ।

ਬਜੁਰਗ - ਪਰ ਪੁਰ ਕੁਝ ਨਹੀਂ। ਛੇਤੀ ਇੱਥੋਂ ਭੱਜ।

ਰਜਨੀ - ਮੇਰਾ ਘਰ ਵਾਲਾ ਹੈ ਕਿੱਥੇ?

ਬਜੁਰਗ - ਉਹ ਦਾਰੂ ਨਾਲ ਰੱਜਿਆ ਉੱਥੇ ਬੇਹੋਸ਼ ਪਿਆ ਹੈ।

ਰਜਨੀ ਦਾ ਦਿਲ ਜੋਰ ਜੋਰ ਨਾਲ ਧੜਕਣ ਲੱਗਾ।

ਆਖਿਰ ਇਹ ਸਭ ਕੀ ਹੋ ਰਿਹਾ ਸੀ। ਰਜਨੀ ਨੂੰ ਕੁਝ ਨਹੀਂ ਸੀ ਸੁਝ ਰਿਹਾ। ਸੋਚਾਂ ਸੋਚਦੀ ਉਸਨੂੰ ਪਤਾ ਹੀ ਨਾਂ ਲੱਗਾ ਕਿ ਕਦੋਂ ਉਸ ਬਜੁਰਗ ਨੇ ਉਸਨੂੰ ਧੱਕਾ ਦੇ ਕੇ ਘਰ ਵਿੱਚੋਂ ਭਜਾ ਦਿੱਤਾ।

ਦੌੜਦੀ ਦੌੜਦੀ ਰਜਨੀ ਕਾਫੀ ਦੂਰ ਚਲੀ ਗਈ। ਰਜਨੀ ਨੇ ਪਿੱਛੇ ਮੁੜ ਕੇ ਨਾ ਦੇਖਿਆ। ਫਿਰ ਅਚਾਨਕ ਉਸ ਦੇ ਮਨ ਵਿੱਚ ਖਿਆਲ ਆਇਆ ਕਿ ਸ਼ਾਇਦ ਉਹ ਬੰਦੇ ਹੁਣ ਵਾਪਸ ਚਲੇ ਗਏ ਹੋਣਗੇ। ਰਜਨੀ ਥੱਕ ਕੇ ਇੱਕ ਦਰਖਤ ਥੱਲੇ ਬੈਠ ਗਈ। ਰਜਨੀ ਦਾ ਗਲਾ ਸੁੱਕਣ ਲੱਗਾ। ਪਾਣੀ ਪੀਣ ਲਈ ਰਜਨੀ ਕੋਲ ਹੀ ਇੱਕ ਖਾਲ ਕੋਲ ਗਈ। ਰਜਨੀ ਨੂੰ ਆਪਣਾ ਪਰਛਾਵਾਂ ਦੇਖ ਕੇ ਅਜੀਬ ਲੱਗਾ। ਖੁੱਲੇ ਵਾਲ, ਚਿਹਰੇ ਤੇ ਮੁੜਕੇ ਦੀਆਂ ਬੂੰਦਾ ਉਸ ਨੂੰ ਹੋਰ ਵੀ ਖੂਬਸੂਰਤ ਬਣਾ ਰਹੀਆਂ ਸਨ। ਫਿਰ ਅਚਾਨਕ ਪਾਣੀ ਦੇ ਹਿਲਣ ਨਾਲ ਰਜਨੀ ਦਾ ਪਰਛਾਵਾਂ ਮਿਟ ਗਿਆ। ਰਜਨੀ ਨੂੰ ਕਿਸੇ ਨੇ ਜੋਰ ਨਾਲ ਪਿੱਛੋਂ ਵਾਲਾਂ ਤੋਂ ਫੜ ਲਿਆ। “ਭੱਜ ਕਿੱਥੋਂ ਤੱਕ ਭੱਜੇਗੀਂ” ਇੱਕ ਕਰੜ ਬਰੜੀ ਦਾੜ੍ਹੀ ਵਾਲੇ ਮੁੰਡੇ ਨੇ ਰਜਨੀ ਨੂੰ ਧੱਕਾ ਦੇ ਕੇ ਸੁੱਟਿਆ। ਰਜਨੀ ਨੇ ਬਹੁਤ ਕੋਸ਼ਿਸ਼ ਕੀਤੀ ਪਰ ਉਹਨਾਂ ਚਾਰਾਂ ਦਰਿੰਦਿਆਂ ਅੱਗੇ ਉਸਦੀ ਪੇਸ਼ ਨਾ ਗਈ। ਸ਼ਾਮ ਪੰਜ ਵਜੇ ਦਾ ਸਮਾਂ ਹੋਣ ਵਾਲਾ ਸੀ।

“ਦੱਸ ਬਈ ਕਾਲੇ ਕੀ ਕਰਨਾ ਹੁਣ” ਇੱਕ ਮੁੰਡੇ ਨੇ ਦਾੜ੍ਹੇ ਤੇ ਹੱਥ ਫਿਰਦਿਆਂ ਕਿਹਾ।

“ਕਰਨਾ ਕੀ ਆ ਚੱਕੋ ਤੇ ਲੈ ਚੱਲੋ” ਕਾਲੇ ਨੇ ਜਵਾਬ ਦਿੱਤਾ। ਉਹਨਾਂ ਨੇ ਰਜਨੀ ਨੂੰ ਜਬਰਦਸਤੀ ਚੁੱਕ ਕੇ ਕਿਤੇ ਦੂਰ ਲੈ ਗਏ।

ਰਜਨੀ ਆਖਿਰ ਕਿੰਨਾ ਕੁ ਚਿਰ ਆਪਣਾ ਬਚਾਅ ਕਰਦੀ। ਰਜਨੀ ਦੀ ਇੱਜਤ ਤਾਰ ਤਾਰ ਹੁੰਦਿਆਂ ਸਮਾਂ ਨਾ ਲੱਗਾ। ਰਜਨੀ ਬੇਹੋਸ਼ੀ ਦੀ ਹਾਲਤ ਵਿੱਚ ਸੀ। ਉਸ ਨੂੰ ਕੁਝ ਪਤਾ ਨਹੀਂ ਸੀ ਲੱਗ ਰਿਹਾ।

"ਉਏ ਹੁਣ ਇਹਦਾਂ ਕੀ ਕਰਨਾ" ਉਹਨਾਂ ਵਿੱਚੋਂ ਇੱਕ ਬੋਲਿਆ।
"ਕਰਨਾ ਕੀ ਏ। ਇਹਨੂੰ ਕਿਤੇ ਦੂਰ ਸੁੱਟ ਦਿੰਦੇ ਆਂ"

ਉਹ ਰਜਨੀ ਨੂੰ ਇੱਕ ਕੱਚੇ ਰਸਤੇ ਵਿੱਚ ਸੁੱਟ ਕੇ ਚਲੇ ਗਏ। ਸਾਰੀ ਰਾਤ ਰਜਨੀ ਵਿਚਾਰੀ ਉਸ ਕੱਚੇ ਪਹੇ ਤੇ ਮਰਿਆਂ ਵਰਗੀ ਹਾਲਤ ਵਿੱਚ ਪਈ ਰਹੀ। ਉਸਦਾ ਸਰੀਰ ਹਿਲਣ ਜੁਲਣ ਦੀ ਤਾਕਤ ਗੁਆ ਚੁੱਕਾ ਸੀ। ਉਸਨੂੰ ਠੰਡ ਵੀ ਮਹਿਸੂਸ ਹੋ ਰਹੀ ਸੀ। ਅੱਖਾਂ ਬੰਦ ਕਰਕੇ ਉਹ ਸੋਚਦੀ ਰਹੀ। ਆਖਿਰ ਇੱਕ ਔਰਤ ਹੋਣ ਦਾ ਇੰਨਾ ਕਸੂਰ?। ਵਾਹ ਓ ਰੱਬਾ। ਰਜਨੀ ਰੱਬ ਨਾਲ ਸਵਾਲ ਜਵਾਬ ਕਰ ਰਹੀ ਸੀ। ਉਸਨੂੰ ਇੰਞ ਜਾਪਦਾ ਸੀ ਕਿ ਸਵੇਰ ਦਾ ਸੂਰਜ ਚੜ੍ਹ ਗਿਆ ਏ ਪਰ ਉਸ ਦੀ ਜਿੰਦਗੀ ਦਾ ਸੂਰਜ ਡੁੱਬ ਗਿਆ।

"ਅੱਲਾ ਖੈਰ ਕਰੇ। ਕੋਣ ਓ ਜੀ? ਅਚਾਨਕ ਕੋਈ ਅਵਾਜ ਰਜਨੀ ਦੇ ਕੰਨਾ ਵਿੱਚ ਪਈ।
ਰਜਨੀ ਨੇ ਅੱਖਾਂ ਖੋਲ ਕੇ ਦੇਖਿਆ ਕਿ ਇੱਕ ਨੌਜਵਾਨ ਜਿਸ ਨੇ ਸਿਰ ਤੇ ਗੋਲ ਟੋਪੀ ਪਾਈ ਸੀ। ਅੱਲਾ ਸ਼ਬਦ ਤੋਂ ਪਤਾ ਲੱਗਦਾ ਸੀ ਕੋਈ ਮੁਸਲਿਮ ਭਾਈਚਾਰੇ ਵਿੱਚੋਂ ਸੀ।

"ਤੁਸੀ ਠੀਕ ਤਾਂ ਹੋ। ਕੋਣ ਓ ਤੁਸੀਂ। ਤੇ ਇੱਥੇ ਕਿਵੇਂ" ਉਸ ਮੁੰਡੇ ਨੇ ਰਜਨੀ ਨੂੰ ਸਹਾਰਾ ਤੇ ਕੇ ਉਠਾਉਣ ਦੀ ਕੋਸ਼ਿਸ਼ ਕੀਤੀ।

"ਤੂੰ ਕੋਣ ਏ" ਰਜਨੀ ਇੱਕਦਮ ਡਰ ਕੇ ਬੋਲੀ। "ਮੈਨੂੰ ਨਾ ਮਾਰੋ। ਮੈਂ ਕੁਝ ਨਹੀਂ ਕੀਤਾ। ਮੇਰੀ ਜਾਨ ਬਖਸ਼ ਦਿਓ।" ਰਜਨੀ ਇੱਕਦਮ ਸਹਿਮ ਗਈ।

"ਤੁਸੀਂ ਫਿਕਰ ਨਾ ਕਰੋ। ਤੁਹਾਨੂੰ ਕੋਈ ਨਹੀਂ ਮਾਰੇਗਾ। ਤੁਸੀਂ ਕੋਣ ਓ ਤੇ ਇੱਥੇ ਇਸ ਹਾਲਤ ਵਿੱਚ ਕਿਵੇਂ" ਉਸ ਨੋਜਵਾਨ ਮੁੰਡੇ ਨੇ ਰਜਨੀ ਨੂੰ ਤੱਕ ਕੇ ਕਿਹਾ। ਰਜਨੀ ਰੋਣ ਲੱਗੀ ਗਈ।
"ਮੈਨੂੰ ਕੁਝ ਨਹੀਂ ਪਤਾ ਲੱਗ ਰਿਹਾ।" ਰਜਨੀ ਇੱਕ ਦਮ ਬੋਲੀ।

"ਭੈਣ ਜੀ ਤੁਸੀਂ ਫਿਕਰ ਨਾ ਕਰੋ। ਮੇਰਾ ਨਾ ਵਸੀਮ ਏ ਤੇ ਮੇਰਾ ਪਿੰਡ ਨਾਲ ਈ ਏ।" ਉਸ ਮੁੰਡੇ ਨੇ ਆਪਣੇ ਪਰਨੇ ਨਾਲ ਰਜਨੀ ਦਾ ਸਰੀਰ ਢੱਕਿਆ।

"ਭੈਣ" ਸ਼ਬਦ ਸੁਣ ਕੇ ਰਜਨੀ ਨੂੰ ਕੁਝ ਸਹਾਰਾ ਹੋਇਆ। ਉਹ ਹੱਥ ਜੋੜ ਕੇ ਆਖਣ ਲੱਗੀ "ਵੀਰ ਜੀ, ਕਿਰਪਾ ਕਰਕੇ ਮੇਰੀ ਮਦਦ ਕਰੋ।" ਮੈਂ ਸਾਰੀ ਗੱਲ ਦੱਸਦੀ ਆਂ। ਰਜਨੀ ਦੇ ਚਿਹਰੇ ਤੇ ਥੋੜੀ ਤਬਦੀਲੀ ਸੀ।

"ਤੁਸੀ ਪਹਿਲਾਂ ਮੇਰੇ ਨਾਲ ਘਰ ਚੱਲੋਂ। ਫਿਰ ਕੋਈ ਗੱਲ ਕਰਾਂਗੇ।" ਮੁਸਲਿਮ ਮੁੰਡਾ ਰਜਨੀ ਨੂੰ ਸਾਇਕਲ ਉੱਪਰ ਬਿਠਾ ਕੇ ਆਪਣੇ ਘਰ ਲੈ ਗਿਆ।

ਘਰ ਜਾ ਕੇ ਉਸਨੇ ਆਪਣੀ ਮਾਂ ਨੂੰ ਸਾਰੀ ਗੱਲ ਦੱਸੀ ਕਿ ਉਹ ਨਾਲ ਦੇ ਪਿੰਡ ਜਾ ਰਿਹਾ ਸੀ ਤਾਂ ਇਹ ਕੁੜੀ ਇਸ ਹਾਲਤ ਵਿੱਚ ਮਿਲੀ। ਮੈਂ ਇਸ ਨੂੰ ਘਰ ਲੈ ਆਇਆ। ਅੱਗੋਂ ਉਸਦੀ ਅੰਮੀ ਬੋਲੀ, "ਕੋਈ ਗੱਲ ਨਹੀਂ ਵਸੀਮ ਪੁੱਤਰ।"

ਵਸੀਮ ਦੀ ਮਾਂ ਨੇ ਰਜਨੀ ਨੂੰ ਅੰਦਰ ਬਿਠਾਇਆ। ਉਸਨੂੰ ਗਰਮ ਕੱਪੜਾ ਦਿੱਤਾ। ਚਾਹ ਪਾਣੀ ਪਿਆਇਆ। ਰੋਟੀ ਖਾਣ ਤੋਂ ਉਸ ਨੇ ਕੋਰੀ ਨਾਂਹ ਕਰ ਦਿੱਤੀ। ਥੋੜੇ ਸਮੇਂ ਬਾਅਦ ਵਸੀਮ ਡਾਕਟਰ ਨੂੰ ਬੁਲਾ ਲਿਆਇਆ। ਡਾਕਟਰ ਨੇ ਚੈੱਕਅੱਪ ਕੀਤਾ ਤੇ ਕਿਹਾ "ਕੋਈ ਘਬਰਾਉਣ ਦੀ ਗੱਲ ਨਹੀਂ, ਇਸਨੂੰ ਸਿਰਫ ਅਰਾਮ ਦੀ ਜਰੂਰਤ ਹੈ" ਡਾਕਟਰ ਨੇ ਕੁਝ ਦਵਾਈਆਂ ਲਿਖ ਕੇ ਦਿੱਤੀਆਂ ਤੇ ਵਸੀਮ ਨੂੰ ਕਿਹਾ ਕਿ ਇਹ ਦਵਾਈਆਂ ਬਜਾਰੋਂ ਲਿਆ ਕੇ ਸਵੇਰੇ ਸ਼ਾਮ ਦੇਣੀਆ ਨੇ। ਰਜਨੀ ਫਿਰ ਉਦਾਸ ਜਿਹੀ ਹੋ ਕਿ ਬਿਸਤਰ ਵਿੱਚ ਲੇਟ ਗਈ। ਵਸੀਮ ਦੀ ਮਾਂ ਘਰ ਦੇ ਛੋਟੇ ਮੋਟੇ ਕੰਮਾਂ ਵਿੱਚ ਰੁਝ ਗਈ। ਵਸੀਮ ਨੇ ਬਜਾਰੋਂ ਦਵਾਈਆਂ ਲਿਆ ਕੇ ਰਜਨੀ ਨੂੰ ਦਿੱਤੀਆਂ। ਰਜਨੀ ਥੋੜਾ ਵਧੀਆ ਮਹਿਸੂਸ ਕਰ ਰਹੀ ਸੀ ਪਰ ਉਹ ਆਪਣਾ ਬੀਤਿਆ ਸਮਾਂ ਯਾਦ ਕਰਕੇ ਡਰ ਜਾਂਦੀ।

ਦੁਪਹਿਰ ਵੇਲੇ ਵਸੀਮ ਦੀ ਮਾਂ ਨੇ ਰਜਨੀ ਨੂੰ ਪੁੱਛਿਆ ਕਿ "ਆਖਿਰ ਇਹ ਸਭ ਕੀ ਏ ਪੁੱਤਰ।" ਤਾਂ ਰਜਨੀ ਅੱਗੋਂ ਰੋਣ ਲੱਗ ਪਈ।

ਵਸੀਮ ਦੀ ਮਾਂ- "ਰੋ ਨਾਂ ਪੁੱਤਰ। ਤੂੰ ਦੱਸ ਕੀ ਗੱਲ ਹੋਈ। ਰਜਨੀ ਨੇ ਇੱਕ ਲੰਬਾ ਹਉਕਾ ਲੈ ਕੇ ਬੋਲਣਾ ਸ਼ੁਰੂ ਕੀਤਾ ਕਿ ਕਿਸ ਤਰਾਂ ਮੈਂ ਪਹਿਲਾਂ ਆਪਣੇ ਚਾਚਾ ਚਾਚੀ ਦੀ ਤਸ਼ੱਦਦ ਝੱਲੀ, ਫਿਰ ਆਪਣੇ ਸਹੁਰਿਆਂ ਦੀ। ਜੋ ਕਰਤੂਤ ਮੇਰੇ ਪਤੀ ਨੇ

ਮੇਰੇ ਨਾਲ ਕੀਤੀ। ਮੈਂ ਕਿਸੇ ਨੂੰ ਮੂੰਹ ਦਿਖਾਉਣ ਦੇ ਕਾਬਿਲ ਨਹੀਂ ਰਹੀ। ਮੇਰੀ ਇੱਜਤ ਤਾਰ ਤਾਰ ਹੋਈ। ਸਾਰੀ ਵਾਰਤਾਲਾਪ ਸੁਣ ਕੇ ਵਸੀਮ ਦੀ ਮਾਂ ਦੇ ਅੱਖਾਂ ਦੇ ਅੱਥਰੂ ਨਾਂ ਰੁਕ ਸਕੇ। ਉਸਨੇ ਰਜਨੀ ਨੂੰ ਘੁੱਟ ਕੇ ਛਾਤੀ ਨਾਲ ਲਾ ਲਿਆ ਤੇ ਧਰਵਾਸਾ ਦਿੱਤਾ "ਧੀਏ ਫਿਕਰ ਨਾਂ ਕਰ। ਉਸ ਅੱਲਾ ਨੂੰ ਸਭ ਦੀ ਫਿਕਰ ਏ, ਉਹ ਤੇਰੀ ਮਦਦ ਜਰੂਰ ਕਰੂਗਾ।"

ਵਸੀਮ ਦੀ ਮਾਂ ਦੀ ਗੋਦੀ ਵਿੱਚੋਂ ਰਜਨੀ ਨੂੰ ਮਾਂ ਦੇ ਪਿਆਰ ਵਾਲਾ ਨਿੱਘ ਮਿਲ ਰਿਹਾ ਸੀ।

ਥੋੜੇ ਦਿਨ ਬਾਅਦ ਰਜਨੀ ਬਿਲਕੁੱਲ ਠੀਕ ਹੋ ਗਈ। ਵਸੀਮ ਦੀ ਮਾਂ ਨੇ ਸੋਚਿਆ ਕਿ ਹੁਣ ਰਜਨੀ ਠੀਕ ਏ, ਕਿਉਂ ਨਾ ਇਸਨੂੰ ਇਹਦੇ ਸੌਹਰਿਆਂ ਘਰ ਛੱਡ ਆਈਏ। ਵਸੀਮ ਦੀ ਮਾਂ ਨੇ ਵਸੀਮ ਨੂੰ ਪੁੱਛਿਆ ਤਾਂ ਵਸੀਮ ਕਹਿੰਦਾ ਕਿ ਜਿਵੇਂ ਅੰਮਾ ਆਪ ਜੀ ਨੂੰ ਠੀਕ ਲੱਗੇ। ਵਸੀਮ ਦੀ ਮਾਂ ਨੇ ਰਜਨੀ ਨਾਲ ਗੱਲਬਾਤ ਕੀਤੀ ਤਾਂ ਸੌਹਰਿਆਂ ਦਾ ਨਾਂ ਸੁਣ ਕੇ ਰਜਨੀ ਦਾ ਦਿਲ ਕੰਬ ਗਿਆ ਪਰ ਕਰਦੀ ਕੀ। ਉਸਦੇ ਦਿਲ ਦੀ ਹਾਲਤ ਸਮਝ ਕੇ ਵਸੀਮ ਦੀ ਮਾਂ ਨੇ ਰਜਨੀ ਨੂੰ ਸਮਝਾਇਆ ਕਿ ਰਜਨੀ ਪੁੱਤਰ ਧੀਆਂ ਦਾ ਅਸਲੀ ਘਰ ਸੌਹਰੇ ਹੁੰਦੇ ਨੇ। ਇਸ ਲਈ ਜਿਹੜੇ ਘਰ ਵਿੱਚ ਕੁੜੀ ਦੀ ਡੋਲੀ ਜਾਵੇ ਉਸੇ ਘਰ ਵਿੱਚੋਂ ਜਨਾਜਾ ਉੱਠਣਾ ਚਾਹੀਦਾ ਹੈ। ਤੂੰ ਆਪਣੇ ਵਸੀਮ ਭਰਾ ਨੂੰ ਨਾਲ ਲੈ ਜਾ ਇਹ ਤੈਨੂੰ ਸੌਹਰੇ ਘਰ ਛੱਡ ਦੇਵੇਗਾ। ਰਜਨੀ ਨੇ ਡਰਦੇ ਡਰਦੇ ਹਾਂ ਕਰ ਦਿੱਤੀ ਪਰ ਰਜਨੀ ਦਿਲ ਤੋਂ ਬਿਲਕੁੱਲ ਰਾਜੀ ਨਹੀਂ ਸੀ।

ਵਸੀਮ ਰਜਨੀ ਨੂੰ ਸਾਇਕਲ ਦੇ ਕੈਰਿਅਰ ਤੇ ਬਿਠਾ ਕੇ ਲਿਜਾਣ ਲੱਗਾ। ਰਜਨੀ ਨੂੰ ਇਉਂ ਲੱਗਦਾ ਸੀ ਕਿ ਅੱਜ ਉਸਦਾ ਭਰਾ ਉਸਨੂੰ ਛੱਡਣ ਚੱਲਿਆ ਏ। ਵਸੀਮ ਨੇ ਸਾਇਕਲ ਦੇ ਪੈਡਲ ਮਾਰਦਿਆਂ ਸਾਇਕਲ ਚਲਾਉਣ ਲੱਗਾ। ਪੰਧ ਮੁਕਾਉਂਦਾ ਸਾਇਕਲ ਰਜਨੀ ਦੇ ਸਹੁਰੇ ਪਿੰਡ ਦੇ ਨੇੜੇ ਆ ਗਿਆ। ਪਿੰਡ ਦੀ ਫਿਰਨੀ ਤੇ ਆ ਕੇ ਰਜਨੀ ਨੇ ਵਸੀਮ ਨੂੰ ਕਿਹਾ, ਵੀਰ ਤੂੰ ਹੁਣ ਵਾਪਿਸ ਚਲਾ ਜਾ, ਮੈਂ ਚਲੀ

ਜਾਵਾਂਗੀ। ਵਸੀਮ ਨੇ ਬੜਾ ਜੋਰ ਲਾਇਆ ਕਿ ਘਰ ਛੱਡ ਆਉਣਾ, ਪਰ ਰਜਨੀ ਅੱਗੇ ਇੱਕ ਨਾਂ ਚੱਲੀ।

ਵਸੀਮ ਰਜਨੀ ਨੂੰ ਉਤਾਰ ਕੇ ਵਾਪਿਸ ਮੁੜ ਪਿਆ ਤੇ ਰਜਨੀ ਆਪਣੇ ਸਹੁਰੇ ਘਰ ਵਾਲੀ ਗਲੀ ਵੜ ਗਈ। ਵਸੀਮ ਘਰ ਆਇਆ ਤਾਂ ਵਸੀਮ ਦੀ ਮਾਂ ਨੇ ਪੁੱਛਿਆ ਕਿ ਰਜਨੀ ਨੂੰ ਛੱਡ ਆਇਆ। ਅੱਗੋਂ ਵਸੀਮ ਬੋਲਿਆ "ਅੰਮਾ ਮੈਂ ਤਾਂ ਆਖਿਆ ਸੀ ਕਿ ਘਰ ਛੱਡ ਆਉਣਾ, ਪਰ ਉਹਨਾਂ ਨੇ ਪਿੰਡ ਦੀ ਫਿਰਨੀ ਤੋਂ ਹੀ ਮੈਨੂੰ ਮੋੜ ਦਿੱਤਾ।

"ਚਲੋਂ ਕੋਈ ਨਾਂ ਅੱਲਾ ਖੈਰ ਕਰੇ। ਵਿਚਾਰੀ ਨੂੰ ਸੁਖ ਦੇਵੇ" ਕਹਿੰਦਿਆਂ ਵਸੀਮ ਦੀ ਮਾਂ ਘਰ ਦੇ ਕੰਮਾਂ ਵਿੱਚ ਰੁੱਝ ਗਈ। ਸਮਾਂ ਆਪਣਾ ਚਾਲ ਚੱਲਦਾ ਗਿਆ। ਸਿਆਣੇ ਕਹਿੰਦੇ ਨੇ ਸਮਾਂ ਤੇ ਪਾਣੀ ਕਿਸੇ ਦੀ ਉਡੀਕ ਨਹੀਂ ਕਰਦੇ।

ਵਸੀਮ ਦੀ ਪੜਾਈ ਪੂਰੀ ਹੋ ਗਈ। ਉੱਚ ਪੜ੍ਹਾਈ ਹੋਣ ਕਰਕੇ ਉਸਨੂੰ ਸ਼ਹਿਰ ਵਿੱਚ ਨੌਕਰੀ ਮਿਲ ਗਈ। ਰੋਜ ਪਿੰਡ ਤੋਂ ਆਉਣਾ-ਜਾਣਾ ਵਸੀਮ ਨੂੰ ਔਖਾ ਲੱਗਦਾ ਸੀ। ਵਸੀਮ ਦੇ ਕਿਸੇ ਦੋਸਤ ਨੇ ਇੱਕ ਕਮਰਾ ਕਿਰਾਏ ਤੇ ਲੈ ਦਿੱਤਾ। ਵਸੀਮ ਹੁਣ ਹਫਤੇ ਜਾਂ ਪੰਦਰਾਂ ਦਿਨ ਬਾਅਦ ਘਰ ਚੱਕਰ ਮਾਰਨ ਜਾਂਦਾ। ਵਸੀਮ ਦੀ ਤਰੱਕੀ ਦੇ ਚਰਚੇ ਹੋਣ ਲੱਗੇ। ਅੱਤ ਦੀ ਇਮਾਨਦਾਰੀ ਤੇ ਇੱਜਤ ਵਾਲਾ ਬੰਦਾ ਹੋਣ ਕਰਕੇ ਸਾਰੀ ਉਸਦੀ ਇੱਜਤ ਕਰਦੇ ਸੀ। ਵਸੀਮ ਦੀ ਤਰੱਕੀ ਹੋਲੀ ਹੋਲੀ ਵੱਧਦੀ ਗਈ। ਸਾਲ ਮੁੱਕਣ ਵਾਲਾ ਸੀ। ਵਸੀਮ ਦੇ ਦਫਤਰ ਦੇ ਸਾਥੀਆਂ ਨੇ ਇੱਕ ਪ੍ਰੋਗਰਾਮ ਬਣਾਇਆ ਕਿ ਕਿਉਂ ਨਾ ਨਵੇਂ ਸਾਲ ਦੀ ਸ਼ੁਰੂਆਤ ਚੰਗੀ ਵਿਉਂਤਬੰਦੀ ਨਾਲ ਕੀਤੀ ਜਾਵੇ। ਵਸੀਮ ਦੇ ਦਫਤਰ ਵਿੱਚ ਇੱਕ ਸਮਾਗਮ ਦਾ ਆਯੋਜਨ ਕੀਤਾ ਗਿਆ ਕਿ ਸਮਾਗਮ ਦੇ ਬਹਾਨੇ ਇਸ ਸਾਲ ਦੇ ਵਧੀਆ ਕੰਮ ਕਰਨ ਵਾਲੇ ਅਫਸਰਾਂ ਨੂੰ ਸਨਮਾਨਿਤ ਵੀ ਕਰ ਦਿਆਂਗੇ। ਤਰੀਕ ਮਿੱਥੀ ਗਈ। 27 ਦਸੰਬਰ ਦਿਨ ਐਤਵਾਰ ਦਾ ਦਿਨ ਰੱਖਿਆ ਗਿਆ। ਸਾਰੇ ਪਾਸੇ ਸੁਨੇਹੇ ਭੇਜੇ ਗਏ ਤੇ ਦੱਸਿਆ ਗਿਆ ਕਿ

ਇਸ ਸਮਾਰੋਹ ਵਿੱਚ ਮੁੱਖ ਮਹਿਮਾਨ ਕਿਰਨ ਜੀ ਪਹੁੰਚ ਰਹੇ ਨੇ। ਵਸੀਮ ਵੀ ਬਹੁਤ ਖੁਸ਼ ਸੀ ਕਿਉਂਕਿ ਉਸਨੇ ਕਿਰਨ ਜੀ ਬਾਰੇ ਸੁਣਿਆ ਸੀ ਪਰ ਕਦੇ ਦੇਖਿਆ ਨਹੀਂ ਸੀ।

ਆਖਿਰ 27 ਦਸੰਬਰ ਦਾ ਦਿਨ ਚੜਿਆ। ਸਮਾਰੋਹ ਸ਼ੁਰੂ ਹੋਇਆ। ਜਿਸ ਵਿੱਚ ਵੱਖ ਵੱਖ ਲੋਕਾ ਨੇ ਆਪਣੀ ਜਿੰਦਗੀ ਤੇ ਤਜਰਬੇ ਤੇ ਸ਼ਾਇਰੀਆਂ ਸਾਝੀਆਂ ਕੀਤੀਆਂ। ਇਨਾਮ ਵੰਡਣ ਦੀ ਵਾਰੀ ਆਈ। ਸਟੇਜ ਤੋ ਬੋਲਿਆ ਗਿਆ ਕਿ “ਸਾਲ ਦੇ ਕੰਮ ਨੂੰ ਵਫਾਦਾਰੀ ਨਾਲ ਕਰਨ ਵਾਲੇ ਸ਼ਕਸ ਵਸੀਮ ਜੀ ਨੇ, ਜਿਨਾਂ ਨੂੰ ਸਨਮਾਨਿਤ ਕਰਨਗੇ। ਉੱਘੇ ਸਮਾਜ ਸੁਧਾਰਕ ਇਸਤਰੀ ਸਮਾਜ ਸੁਧਾਰਕ ਸਭਾ ਦੇ ਪ੍ਰਧਾਨ ਕਿਰਨ ਜੀ।” ਸਾਰੇ ਪਾਸੇ ਹਾਲ ਤਾੜੀਆਂ ਨਾਲ ਗੂੰਜ ਉੱਠਿਆ। ਵਸੀਮ ਸਟੇਜ ਉੱਪਰ ਗਿਆ। ਪਿਛਲੇ ਪਾਸੋਂ ਉੱਠ ਕੇ ਕਿਰਨ ਸਾਹਮਣੇ ਆਈ ਤਾਂ ਵਸੀਮ ਹੈਰਾਨ ਰਹਿ ਗਿਆ। ਕਿਰਨ ਵੀ ਵਸੀਮ ਨੂੰ ਦੇਖ ਕੇ ਅਚੰਭੇ ਵਿੱਚ ਪੈ ਗਈ। ਵਸੀਮ ਦੀਆਂ ਅੱਖਾਂ ਵਿੱਚ ਅੱਥਰੂ ਆ ਗਏ, ਪਰ ਜਜਬਾਤਾਂ ਤੇ ਕਾਬੂ ਕਰ ਵਸੀਮ ਇਨਾਮ ਲੈ ਕੇ ਵਾਪਿਸ ਉਤਰ ਆਇਆ।

ਸਮਾਗਮ ਦੀ ਸਮਾਪਤੀ ਤੋਂ ਬਾਅਦ ਕਿਰਨ ਜੀ ਨੇ ਵਸੀਮ ਨੂੰ ਬੁਲਾ ਕੇ ਕਹੀ ਕਿ ਸਾਡੇ ਦਫਤਰ ਪਹੁੰਚਣਾ। ਸਾਰੇ ਹੈਰਾਨੀ ਵਿੱਚ ਸੀ ਜਿਸਨੂੰ ਮਿਲਣ ਲਈ ਲੋਕ ਮਹੀਨਾ ਮਹੀਨਾ ਉਡੀਕਦੇ ਰਹਿੰਦੇ ਨੇ, ਉਹ ਇੱਕ ਮਾਮੂਲੀ ਨੌਕਰੀ ਕਰਨ ਵਾਲੇ ਬੰਦੇ ਨੂੰ ਮਿਲਣ ਲਈ ਬੁਲਾ ਰਹੀ ਏ। ਪਰ ਇਸ ਗੁੱਝੇ ਭੇਦ ਦਾ ਪਤਾ ਸਿਰਫ ਵਸੀਮ ਨੂੰ ਸੀ ਜਾਂ ਕਿਰਨ ਨੂੰ।

ਵਸੀਮ ਇਸਤਰੀ ਸਮਾਜ ਸੁਧਾਰ ਸਭਾ ਦੇ ਦਫਤਰ ਪਹੁੰਚਿਆ। ਵਸੀਮ ਨੇ ਦੇਖਿਆ ਕਿ ਇਹ ਉਹੀ ਕੁੜੀ ਸੀ ਜਿਸਦੀ ਕਿਸੇ ਸਮੇਂ ਉਸਨੇ ਮਦਦ ਕੀਤੀ ਸੀ।

“ਰਜਨੀ ਤੁਸੀਂ” ਵਸੀਮ ਨੇ ਪੁੱਛਿਆ।

“ਹਾਂ। ਵੀਰ ਮੈਂ ਰਜਨੀ” ਕਹਿੰਦਿਆਂ ਵਸੀਮ ਦੇ ਗਲ ਨਾਲ ਲੱਗ ਗਈ ਤੇ ਰੋਣ ਲੱਗੀ।

“ਰਜਨੀ ਕੀ ਹੋਇਆ ਭੈਣ” ਵਸੀਮ ਨੇ ਰਜਨੀ ਨੂੰ ਚੁੱਪ ਕਰਾਉਂਦਿਆਂ ਕਿਹਾ।

“ਕੁਝ ਨਹੀਂ ਬਸ” ਰਜਨੀ ਨੇ ਵਸੀਮ ਨੂੰ ਬੈਠਣ ਲਈ ਕਿਹਾ, ਤੇ ਇੱਕ ਕੁੜੀ ਨੂੰ ਚਾਹ ਲੈਣ ਭੇਜ ਦਿੱਤਾ।

ਵਸੀਮ - ਰਜਨੀ ਤੁਸੀਂ ਇੱਥੇ ਤੇ ਘਰ ਬਾਰ?

ਰਜਨੀ - ਸਾਰਾ ਕੁਝ ਦੱਸਾਗੀਂ, ਪਹਿਲਾਂ ਦੱਸੋ ਅੰਮੀ ਦਾ ਕੀ ਹਾਲ ਏ?

ਵਸੀਮ - ਉਹ ਬਿਲਕੁੱਲ ਠੀਕ ਨੇ ਮੈਨੂੰ ਤੇ ਯਕੀਨ ਨਹੀਂ ਹੋ ਰਿਹਾ।

ਰਜਨੀ - ਫਿਕਰ ਨਾਂ ਕਰੋ। ਮੈਂ ਦੱਸਦੀ ਆਂ। ਰਜਨੀ ਨੇ ਹਲੀਮੀ ਨਾਲ ਬੋਲਣਾ ਸ਼ੁਰੂ ਕੀਤਾ।

ਰਜਨੀ - ਤੁਸੀਂ ਮੈਨੂੰ ਪਿੰਡ ਛੱਡ ਤਾਂ ਆਏ ਸੀ, ਪਰ ਮੈਨੂੰ ਸਹੁਰੇ ਘਰ ਜਾਣ ਲੱਗਿਆਂ ਸ਼ਰਮ ਆ ਰਹੀ ਸੀ। ਮੈਂ ਆਪਣਾ ਸਭ ਕੁਝ ਗੁਆ ਚੁੱਕੀ ਸੀ। ਮੈਂ ਡਰਦੀ ਡਰਦੀ ਆਪਣੇ ਸਹੁਰੇ ਘਰ ਪਹੁੰਚੀ। ਉੱਥੋਂ ਪਤਾ ਲੱਗਾ ਕਿ ਮੇਰਾ ਘਰ ਵਾਲਾ ਸਭ ਕੁਝ ਹਾਰ ਕੇ ਪਿੰਡੋਂ ਬਾਹਰ ਕਿਸੇ ਘਰ ਵਿੱਚ ਕਿਰਾਏ ਤੇ ਰਹਿੰਦਾ ਹੈ। ਮੈਂ ਉੱਥੇ ਗਈ। ਬਸ ਫਿਰ ਕੀ ਸੀ। ਮੇਰਾ ਘਰਵਾਲਾ ਮੈਨੂੰ ਵੇਖ ਕੇ ਅੱਗ ਬਬੂਲਾ ਹੋ ਗਿਆ। ਮੈਨੂੰ ਕੁੱਟਣਾ ਸ਼ੁਰੂ ਕਰ ਦਿੱਤਾ ਤੇ ਆਖਣ ਲੱਗਾ ਕਿ ਤੂੰ ਮੇਰਾ ਸਾਰਾ ਘਰ ਬਾਰ ਉਜਾੜ ਦਿੱਤਾ। ਥੋੜੇ ਦਿਨਾਂ ਤੱਕ ਉਹੀ ਫਿਰ ਉਹੀ ਕੁਝ ਫਿਰ ਸ਼ੁਰੂ ਹੋ ਗਿਆ, ਮੈਂ ਚੁੱਪ ਚਾਪ ਉੱਥੋਂ ਆਪਣੇ ਪੇਕੇ ਪਿੰਡ ਚਲੀ ਗਈ, ਪਰ ਚਾਚੀ ਚਾਚਾ ਤੋਂ ਵੀ ਉਹੋ ਕੁਝ ਸੁਣਨ ਨੂੰ ਮਿਲਿਆ ਕਿ ਇਹ ਕਲਿਹਣੀ ਜੰਮੀ ਬਰਬਾਦ ਕਰਨ ਵਾਸਤੇ। ਫਿਰ ਮੈਂ ਕਾਨੂੰਨ ਦੀ ਮਦਦ ਲੈਣ ਬਾਰੇ ਸੋਚਿਆ। ਪੁਲਿਸ ਥਾਣੇ ਗਈ ਅੱਗੋਂ ਥਾਣੇਦਾਰ ਕਹਿੰਦਾ “ਤੂੰ ਇੰਨੀ ਸੋਹਣੀ ਤੂੰ ਕੀ ਲੈਣਾ, ਉਸ ਗੰਦੇ ਬੰਦੇ ਤੋਂ ਤੂੰ ਕਿਤੇ ਹੋਰ ਮੌਜਾਂ ਮਾਣ। ਮੈਨੂੰ ਬੜੀ ਸ਼ਰਮ ਆਈ, ਕਿਸੇ ਤਰ੍ਹਾਂ ਵਕੀਲ ਤੱਕ ਪਹੁੰਚ ਕੀਤੀ ਫਿਰ ਇਹੋ ਗੱਲ਼। ਫਿਰ ਮੈਨੂੰ ਮਰਨ ਤੋਂ ਬਿਨ੍ਹਾਂ ਦੂਜਾ ਰਾਹ ਨਹੀਂ ਸੀ ਦਿਸ ਰਿਹਾ। ਮੈਂ ਨਹਿਰ ਤੇ ਚਲੀ ਗਈ। ਮੈਂ ਛਾਲ ਮਾਰਨ ਹੀ ਲੱਗੀ ਸੀ ਕਿ ਇੱਕ ਔਰਤ ਨੇ ਮੈਨੂੰ ਦੇਖ ਲਿਆ ਤੇ ਮੇਰੀ ਬਾਂਹ ਫੜ੍ਹ ਕੇ ਨਹਿਰ ਤੋਂ ਦੂਰ ਲੈ ਗਈ ਤੇ ਸਾਰਾ ਹਾਲ ਮੈਨੂੰ ਪੁੱਛਿਆ। ਮੇਰਾ ਜਿੰਦਗੀ

ਬਾਰੇ ਸੁਣ ਕੇ ਉਸਨੇ ਸਮਝਾਇਆ ਕਿ ਉਹ ਸਮਾਜ ਸ਼ੁਰੂ ਤੋਂ ਹੀ ਔਰਤ ਜਾਤ ਨਾਲ ਧੱਕਾ ਕਰਦਾ ਰਿਹਾ ਪਰ ਕਿੰਨਾ ਕੁ ਚਿਰ ਇਸ ਤਰਾਂ ਬੁਜਦਿਲਾਂ ਵਾਂਗ ਸੰਸਾਰ ਪੈਦਾ ਕਰਨ ਵਾਲੀਆਂ ਧੀਆਂ ਭੈਣਾਂ ਮਰਦੀਆਂ ਰਹਿਣਗੀਆਂ। ਆਪਾਂ ਨੂੰ ਹੀ ਸਮਾਜ ਬਦਲਣਾ ਪਵੇਗਾ। ਪਹਿਲੀ ਵਾਰ ਮੈਨੂੰ ਜਿੰਦਗੀ ਦੇ ਧੁੰਦਲੇ ਪਰਛਾਵੇਂ ਤੋਂ ਆਸ ਦੀ ਕਿਰਨ ਦਿਸੀ। ਉਹ ਔਰਤ ਇੱਕ ਸਕੂਲ ਦੀ ਮੁੱਖ ਅਧਿਆਪਕਾ ਸੀ ਜੋ ਕਿ ਸੈਰ ਲਈ ਨਹਿਰ ਕੰਢੇ ਆਈ ਸੀ। ਉਸਦੀ ਪ੍ਰੇਰਨਾ ਸਦਕਾ ਮੈਂ ਇਹ ਠਾਣ ਲਿਆ ਕਿ ਮੈਂ ਕਿਸੇ ਵੀ ਔਰਤ ਦੀ ਜਿੰਦਗੀ ਖਰਾਬ ਨਹੀਂ ਹੋਣ ਦਿਆਂਗੀ। ਮੈਂ ਹੌਲੀ ਹੌਲੀ ਇਸਤਰੀ ਦੇ ਪੱਖ ਵਿੱਚ ਪ੍ਰਚਾਰ ਸ਼ੁਰੂ ਕੀਤਾ। ਹੋਰ ਵੀ ਕਈ ਔਰਤਾਂ ਮੇਰੇ ਨਾਲ ਇਸ ਅੰਦੋਲਨ ਵਿੱਚ ਸ਼ਾਮਿਲ ਹੋਈਆਂ। ਮੈਂ ਆਪਣਾ ਨਾਮ ਰਜਨੀ ਤੋਂ ਬਦਲ ਕੇ ਕਿਰਨ ਰੱਖ ਲਿਆ ਤੇ ਇੱਕ ਸਭਾ ਬਣਾਈ। ਪਤਾ ਨਹੀਂ ਕਿੰਨੀਆਂ ਹੀ ਔਰਤਾਂ ਨੂੰ ਮਰਨ ਤੋਂ ਮੈਂ ਤੇ ਮੇਰੀਆਂ ਸਾਥਣਾ ਨੇ ਬਚਾਇਆ। ਹੌਲੀ ਹੌਲੀ ਅਸਰ ਹੋਣਾ ਸ਼ੁਰੂ ਹੋ ਗਿਆ। ਜੇਕਰ ਉਸ ਦਿਨ ਜੇਕਰ ਤੁਸੀਂ ਮੇਰੀ ਮਦਦ ਨਾਂ ਕਰਦੇ ਤਾਂ ਸ਼ਾਇਦ ਅੱਜ ਇਹ ਕਿਰਨ ਤੁਹਾਡੇ ਸਾਹਮਣੇ ਨਾਂ ਹੁੰਦੀ। ਮੈਂ ਤੁਹਾਡਾ ਅਹਿਸਾਨ ਜਿੰਦਗੀ ਭਰ ਨਹੀਂ ਭੁੱਲ ਸਕਦੀ। ਤੁਹਾਨੂੰ ਵੇਖ ਕੇ, ਮੈਨੂੰ ਇੰਞ ਲੱਗਿਆ ਜਿਵੇਂ ਕੋਈ ਆਪਣਾ ਮਿਲ ਗਿਆ ਹੋਵੇ।

ਵਸੀਮ - ਜਰੂਰ ਭੈਣ। ਮੈਨੂੰ ਤਾਂ ਆਪ ਤੁਹਾਨੂੰ ਮਿਲ ਕੇ ਬਹੁਤ ਖੁਸ਼ੀ ਹੋਈ। ਅੱਲਾ ਰਹਿਮਤ ਕਰੇ।

ਇੰਨੇ ਚਿਰ ਨੂੰ ਚਾਹ ਆ ਗਈ। ਦੋਵਾਂ ਨੇ ਚਾਹ ਪੀਣੀ ਸ਼ੁਰੂ ਕੀਤੀ ਤੇ ਹੋਰ ਨਿੱਕੀਆਂ ਮੋਟੀਆਂ ਗੱਲਾਂ ਕੀਤੀਆਂ।

ਵਸੀਮ - ਹੁਣ ਅੰਮਾ ਨੂੰ ਮਿਲ ਆਣਾ। ਮੈਂ ਉਹਨਾਂ ਨੂੰ ਤੁਹਾਡੇ ਬਾਰੇ ਦੱਸ ਦਿਆਂਗਾ।

ਰਜਨੀ - ਮੈਂ ਜਰੂਰ ਆਵਾਂਗੀ। ਕਿਉਂ ਕਿ ਮੇਰੀ ਅਸਲ ਮਾਂ ਤੇ ਉਹੀ ਹੈ।

ਵਸੀਮ - ਅੱਛਾ ਮੈਂ ਚਲਦਾ ਹਾ।

ਵਾਕਿਆ ਨਵਾਂ ਸਾਲ ਬਾ ਕਮਾਲ। ਚੰਗਾ ਭੈਣ। ਜਰੂਰ ਆਣਾ।

ਰਜਨੀ - ਹਾਂ ਮੈਂ ਜਰੂਰ ਆਵਾਂਗੀ।

ਵਸੀਮ - ਦਫਤਰ ਚੋਂ ਬਾਹਰ ਨਿਕਲਿਆਂ। ਬਾਹਰ ਕਾਫੀ ਤੇਜ ਧੁੱਪ ਸੀ। ਰਜਨੀ ਵੀ ਵਸੀਮ ਦੇ ਨਾਲ ਹੀ ਬਾਹਰ ਨਿਕਲੀ। ਦਸੰਬਰ ਦੇ ਮਹੀਨੇ ਠੰਢ ਹੋਣ ਕਰਕੇ ਧੁੱਪ ਨਿਕਲਣ ਨਾਲ ਜਿੱਥੇ ਰਜਨੀ ਧੁੱਪ ਦਾ ਨਿੱਘ ਮਾਣ ਹੀ ਸੀ, ਉੱਥੇ ਉਸਨੂੰ ਆਪਣੇ ਪਰਿਵਾਰ ਦੇ ਮਿਲਣ ਦੀ ਵੀ ਨਿੱਘ ਮਿਲ ਰਹੀ ਸੀ। ਰਜਨੀ ਦੇ ਚਿਹਰੇ ਤੇ ਵੱਖਰੀ ਰੂਹਾਨੀਅਤ ਸੀ। ਉਹ ਆਪਣੇ ਵੀਰ ਵਸੀਮ ਨੂੰ ਜਾਦਿਆਂ ਤੱਕ ਰਹੀ ਸੀ।

ਧੰਨਵਾਦ

**ਕ੍ਰਿਸ਼ਨ ਸਿੰਘ  ਬੰਨਾਂ ਵਾਲਾ**

**ਇਸ ਕਹਾਣੀ ਬਾਰੇ ਆਪਣੀ ਰਾਏ ਭੇਜਣ ਲਈ ਅਤੇ ਸਾਡੀਆਂ ਹੋਰ ਰਚਨਾਵਾਂ ਪੜ੍ਹਣ ਲਈ "ਵੱਟਸਐਪ" ਕਰ ਸਕਦੇ ਹੋ।**

**87288-27913**

........................................................................................................

*************************************